# ਚਰਨਦਾਸ ਸਿੱਧੂ ਦੇ ਨਾਟਕਾਂ ਵਿਚ ਤਰਕਸ਼ੀਲਤਾ

ਕੰਵਲਜੀਤ ਕੌਰ *

ਤੀਜੀ ਪੀੜ੍ਹੀ ਦੇ ਪ੍ਰਤੀਨਿੱਧ ਨਾਟਕਕਾਰ ਡਾ. ਚਰਨਦਾਸ ਸਿੱਧੂ, ਦੁਆਬੇ ਦਾ ਆਂਚਲਿਕ ਨਾਟਕਕਾਰ ਹੈ। ਉਸ ਨੇ ਦੁਆਬੇ ਦੇ ਸੱਭਿਆਚਾਰ ਨੂੰ ਆਪਣੇ ਨਾਟਕਾਂ ਵਿੱਚ ਪੇਸ਼ ਕੀਤਾ ਹੈ ਅਤੇ ਉਹ ਪੇਂਡੂ ਪੁੱਠ ਦੀ ਨਾਟਕਕਾਰੀ ਦੇ ਨਾਲ-ਨਾਲ ਸ਼ਹਿਰੀ ਜੀਵਨ ਦਾ ਵੀ ਚਿਤਰਣ ਕਰਦਾ ਹੈ। ਡਾ. ਚਰਨਦਾਸ ਸਿੱਧੂ ਇਤਿਹਾਸ ਤੇ ਮਿਥਿਹਾਸ ਨੂੰ ਨਵੀਨ ਮੁਹਾਂਦਰੇ ਵਿੱਚ ਪੇਸ਼ ਕਰਦਾ ਹੈ। ਵਿਭਿੰਨ ਸ਼੍ਰੇਣੀਆਂ ਦੀ ਦਾਸਤਾਨ ਉਸਦੇ ਨਾਟਕਾਂ ਵਿੱਚ ਪ੍ਰਮੁੱਖ ਰਹੀ ਹੈ। ਇਸ ਕਰਕੇ ਉਹ ਦੱਬੇ-ਕੁਚਲੇ ਲੋਕਾਂ ਦਾ ਨਾਟਕਕਾਰ ਵੀ ਅਖਵਾਉਂਦਾ ਹੈ। ਡਾ. ਚਰਨਦਾਸ ਸਿੱਧੂ ਧਰਮ, ਸਿਆਸਤ, ਰਸਮ-ਰਿਵਾਜ਼ ਤੇ ਵਹਿਮਾਂ-ਭਰਮਾਂ ਨੂੰ ਨਾਟਕ ਵਿੱਚ ਪੇਸ਼ ਕਰਦਾ ਹੈ।

"ਮੂਲ ਰੂਪ ਵਿੱਚ ਉਸਦੇ ਨਾਟਕਾਂ ਦਾ ਕੇਂਦਰੀ ਵਿਸ਼ਾ ਹੈ ਵਰਤਮਾਨ ਸਮਾਜ ਦੀਆਂ ਪ੍ਰਚੱਲਤ ਗਲਤ ਕਦਰਾਂ-ਕੀਮਤਾਂ . . . ਧਰਮ, ਆਰਥਿਕਤਾ ਅਤੇ ਸਿਆਸਤ ਦੀਆਂ ਆਰਥਿਕ ਕਿਰਿਆ-ਪ੍ਰਤੀਕਿਰਿਆ ਵਿੱਚੋਂ ਉਪਜੀਆਂ ਸਮੱਸਿਆਵਾਂ ਉਸਦੇ ਨਾਟਕਾਂ ਦੀ ਕੇਂਦਰੀ ਚੂਲ ਹਨ।"[1]

ਡਾ. ਚਰਨਦਾਸ ਸਿੱਧੂ ਨੇ ਆਪਣੇ ਸਵੈ ਕਥਨਾ ਵਿੱਚ ਕਈ ਥਾਂ ਆਪਣੇ ਵਿਸ਼ਿਆਂ ਵਾਰੇ, ਆਪਣੀ ਸਮਝ ਵਾਰੇ ਕਈ ਤਰ੍ਹਾਂ ਦੀਆਂ ਟਿੱਪਣੀਆਂ ਦਿੱਤੀਆਂ ਹਨ। ਜਿਨ੍ਹਾਂ ਤੋਂ ਉਹਨਾਂ ਦੇ ਬੌਧਿਕ ਪੱਧਰ ਦੀ ਸਮਝ ਪੈਂਦੀ ਹੈ।

"32 ਸਾਲ ਦੀ ਉਮਰ ਵਿੱਚੋਂ ਜਦੋਂ ਮੈਂ ਨਾਟਕ ਲਿਖਣ ਦਾ ਫ਼ੈਸਲਾ ਕੀਤਾ ਤਾਂ ਮੇਰੀ ਖੋਜ ਨੇ ਮੈਨੂੰ ਦੱਸਿਆ ਕਿ ਮੇਰਾ ਸਮਾਜ ਦੋ ਕਿਸਮ ਦੇ ਪਲੇਗ ਲਈ ਬੈਠਾ ਹੈ। ਪਹਿਲੀ ਅੰਨੀ ਪਿੱਤਰ-ਪੂਜਾ। ਦੂਜੀ ਅਣਖਹੀਣਤਾ। ਮੈਂ ਆਪਣੀਆਂ ਕਲਾਸਾਂ ਵਿੱਚ ਪੜ੍ਹਦੇ ਮੁੰਡੇ-ਕੁੜੀਆਂ ਨੂੰ ਇਨ੍ਹਾਂ ਦੋ ਬੀਮਾਰੀਆਂ ਤੋਂ ਛੁਟਕਾਰਾ ਦਿਵਾਉਣ ਵਾਸਤੇ ਕਿਤਾਬਾਂ ਲਿਖਣਾ ਚਾਹੁੰਦਾ ਸਾਂ ਤੇ ਉਹ ਕਿਤਾਬਾਂ ਹਨ ਮੇਰੇ ਡਰਾਮੇ"[2] ਦੂਸਰਾ ਸਵੈ ਕਥਨ ਵੀ ਪੜਚੋਲ ਯੋਗ ਹੈ। "ਅੱਜ ਦੀ ਦੁਨੀਆ ਦੀ ਸਭ ਤੋਂ ਜ਼ਰੂਰੀ ਮੰਗ ਹੈ ਇੱਕ ਆਜ਼ਾਦ ਦਿਮਾਗ, ਸਿਹਤਮੰਦ ਸੋਚ ਸ਼ਕਤੀ। ਨਾਟਕਕਾਰ ਨੂੰ ਚਾਹੀਦਾ ਹੈ ਕਿ ਉਹ ਹਰ ਮੁੰਡੇ ਕੁੜੀ ਨੂੰ ਹਰ ਸ਼ਹਿਰੀ ਨੂੰ ਆਪ ਸੋਚਣ ਤੇ ਮਜਬੂਰ ਕਰੇ। ਪੁਰਾਣੇ ਵਿਚਾਰਾਂ ਨੂੰ ਤਜ਼ਰਬੇ ਦੀ ਕਸੌਟੀ 'ਤੇ ਪਰਖੇ ਧਰਮ ਤੇ ਸਿਆਸੀ ਡਿਕਟੇਟਰਾਂ ਦਾ ਪੈਰ-ਪੈਰ ਤੇ ਵਿਰੋਧ ਕਰੇ। ਉਨ੍ਹਾਂ ਨੂੰ ਵੰਗਾਰ ਕੇ ਕਹੇ ਕਿ ਮੈਂ ਖੁਸ਼ਾਮਦੀ ਡਰਾਮੇ ਨਹੀਂ ਲਿਖਾਂਗਾ। ਤੁਹਾਡਾ ਯਤਨ ਹੈ ਸਮਾਜ ਨੂੰ ਪੁਰਾਣੀਆਂ ਜੰਜੀਰਾਂ ਵਿੱਚ ਜਕੜੀ ਰੱਖੋ। ਤੁਹਾਨੂੰ ਡਰ ਹੈ ਕਿ ਨਵੀਂ ਪੀੜ੍ਹੀ ਕਿਸੇ ਗਲੀ ਸੜੀ ਰੂਹ, ਰੂਹ (ਰੂਹ-ਰੀਤ) ਨੂੰ ਛੱਡ ਨਾ ਦੇਵੇ ਕਿ ਕੋਈ ਪਾੜ੍ਹਾ ਨਮੀ ਕਿਤਾਬ ਨਾ ਪੜ੍ਹ ਲਵੇ। ਨਵਾਂ ਲਜ਼ਰੀਹਾ (ਨਜ਼ਰੀਆ) ਨਾ ਅਖਿਤਿਆਰ ਕਰ ਲਵੇ।"[3] ਡਾ. ਚਰਨਦਾਸ ਸਿੱਧੂ ਦਾ ਮੰਨਣਾ ਸੀ ਕਿ ਨਾਟਕਕਾਰ ਦਾ ਤਰਕਸ਼ੀਲ ਹੋਣਾ ਜਰੂਰੀ



* ਖੋਜਾਰਥੀ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ। ਮੋ. +91 98158-15892

ਹੈ। ਉਹ ਆਪਣੀ ਲਿਖਤ ਨੂੰ ਤਰਕ ਦੀ ਸਾਣ 'ਤੇ ਰੱਖ ਕੇ ਸਮਾਜ ਵਿੱਚ ਭੇਜੇ ਅਤੇ ਸਮਾਜ ਨੂੰ ਬਦਲਣ ਵਿੱਚ ਆਪਣਾ ਰੋਲ ਨਿਭਾਵੇ। ਨਵੀਂ ਪੀੜ੍ਹੀ ਨੂੰ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਤੋਂ ਮੁਕਤ ਕਰੇ ਅਤੇ ਉਨ੍ਹਾਂ ਨੂੰ ਨਵੀਆਂ ਕਦਰਾਂ-ਕੀਮਤਾਂ ਵਾਲ਼ਾ ਸਮਾਜ ਸਿਰਜ ਕੇ ਦੇਵੇ ਤਾਂ ਕਿ ਉਹ ਪੀੜ੍ਹੀਆਂ ਤੋਂ ਚੱਲੀਆਂ ਆ ਰਹੀਆਂ ਫੋਕੀਆਂ ਰਹੁ-ਰੀਤਾਂ ਵਿੱਚ ਜਕੜੇ ਨਾ ਰਹਿਣ। ਲੋਕਾਂ ਨੂੰ ਆਪਣਾ ਨਜ਼ਰੀਆ ਅਪਨਾਉਣ ਦਿਉ ਤਾਂ ਕਿ ਉਹ ਧਾਰਮਿਕ ਤੇ ਸਿਆਸੀ ਡਿਕਟੇਟਰਾਂ ਦਾ ਵਿਰੋਧ ਕਰ ਸਕਣ, ਸੋ ਡਾ. ਚਰਨਦਾਸ ਸਿੱਧੂ ਦੇ ਨਾਟਕਾਂ ਦਾ ਜਦੋਂ ਅਧਿਐਨ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਉਸਦੇ ਨਾਟਕਾਂ ਵਿੱਚ ਵਹਿਮ-ਭਰਮ, ਰਸਮਾਂ, ਰਿਵਾਜ ਦਾ ਵਿਰੋਧ ਝਲਕਦਾ ਹੈ। ਸਮਾਜ ਦੇ ਹੱਕ ਵਿੱਚ ਵਿਗਿਆਨਕ ਸੋਚ ਦਾ ਪ੍ਰਗਟਾਵਾ ਉਸਦੇ ਨਾਟਕਾਂ ਵਿੱਚ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਸ ਦੀ ਹਰ ਰਚਨਾ ਨਵੀਆਂ ਕਦਰਾਂ-ਕੀਮਤਾਂ ਨੂੰ ਜੀ ਆਇਆ ਆਖਦੀ ਹੈ, ਇਸ ਸ਼ਰਤ 'ਤੇ ਕਿ ਉਹ ਲੋਕ ਵਿਰੋਧੀ ਨਾ ਹੋਵੇ। ਡਾ. ਚਰਨਦਾਸ ਸਿੱਧੂ ਨੇ ਅਨੇਕਾਂ ਹੀ ਰਹੁ-ਰੀਤਾਂ, ਝੂਠੇ ਰਸਮਾਂ-ਰਿਵਾਜਾਂ, ਅੰਧਵਿਸ਼ਵਾਸਾਂ ਦਾ ਵਿਰੋਧ ਕੀਤਾ ਹੈ ਜੋ ਸਾਡੇ ਸਮਾਜ ਨੂੰ ਸਦੀਆਂ ਤੋਂ ਬੁਰੀ ਤਰ੍ਹਾਂ ਜਕੜੀ ਬੈਠੇ ਹਨ। ਇਹ ਵਹਿਮ-ਭਰਮ, ਰਹੁ-ਰੀਤਾਂ, ਚਲਾਕ ਵਰਗ ਵੱਲੋਂ ਧਰਮ ਦੀ ਚਿੱਟੀ ਚਾਦਰ ਹੇਠ ਪੈਦਾ ਕੀਤੇ ਜਾਂਦੇ ਹਨ ਜੋ ਆਮ ਲੋਕਾਈ ਲਈ ਖ਼ਤਰਨਾਕ ਹੁੰਦੀਆਂ ਹਨ। ਆਮ ਜਨਤਾ ਇਹਨਾਂ ਵਹਿਮਾਂ-ਭਰਮਾਂ ਰਹੁ-ਰੀਤਾਂ ਵਿੱਚ ਇਸ ਕਦਰ ਫਸ ਜਾਂਦੀ ਹੈ ਕਿ ਉਹ ਚਾਹ ਕੇ ਵੀ ਇਨ੍ਹਾਂ ਵਿੱਚੋਂ ਨਹੀਂ ਨਿੱਕਲ ਸਕਦੀ।

ਡਾ. ਚਰਨਦਾਸ ਸਿੱਧੂ ਨੇ ਆਪਣੇ ਨਾਟਕ 'ਇੰਦੂਮਤੀ ਸੱਤਿਦੇਵ' ਵਿੱਚ ਧਰਮ, ਰੀਤਾਂ, ਫਲਸਫੇ ਦੀ ਗੱਲ ਕਰਦਿਆਂ ਲਿਖਿਆ ਹੈ। "ਮੋਟੇ ਤੌਰ 'ਤੇ ਕਿਹਾ ਜਾਵੇ ਤਾਂ ਇੰਦੂਮਤੀ ਸੱਤਿਦੇਵ ਦਾ ਵਿਸ਼ਾ ਹੈ ਧਰਮ ਕੀ ਹੈ? ਪੱਥਰ-ਪੋਥੀਆਂ ਪੂਜਣਾ? ਤੇ ਆਪਣੇ ਤੋਂ ਵੱਖਰੇ ਪੱਥਰ-ਪੋਥੀਆਂ ਪੂੱਜਣ ਵਾਲਿਆਂ ਦਾ ਨਾਸ ਕਰਨਾ? ਜਾਂ ਧਰਮ ਦਾ ਅਰਥ ਹੈ ਉਹ ਕਾਨੂੰਨ ਜਿਹੜੇ ਸਭ ਨੂੰ ਬਰਾਬਰ ਬਣਾਉਣ? ਉਹ ਰਸਮ ਰਹਿਤ ਵਲਵਲੇ ਜਿਹੜੇ ਬੰਦੇ ਨੂੰ ਬੰਦੇ ਦਾ ਯਾਰ ਬੇਲੀ ਬਣਾਉਣ? ਅਮੀਰ-ਗਰੀਬ ਦਾ, ਗੋਰੇ-ਕਾਲੇ ਦਾ, ਇਸਤਰੀ-ਮਰਦ ਦਾ, ਭੇਤ ਮਿਟਾਉਣ? ਸਤਿੱਦੇਵ ਦੇ ਜਿਉਣੇ ਤੇ ਮਰਨੇ ਤੋਂ ਮੈਂ ਇਨ੍ਹਾਂ ਸੁਆਲਾਂ ਦੇ ਜਵਾਬ ਢੂੰਡਣ ਦੀ ਕੋਸ਼ਿਸ਼ ਕੀਤੀ ਹੈ।"[4]

ਚਰਨਦਾਸ ਸਿੱਧੂ ਨੇ ਧਰਮ ਬਾਰੇ ਜੋ ਸਵਾਲ ਖੜੇ ਕੀਤੇ ਨੇ ਉਹ ਬਿਲਕੁਲ ਵੱਖਰੀ ਤਰ੍ਹਾਂ ਦੇ ਹਨ। ਧਰਮ ਹੈ ਕੀ? ਉਸ ਦਾ ਮੰਨਣਾ ਹੈ ਕਿ ਧਰਮ ਕੇਵਲ ਪੱਥਰ-ਪੋਥੀਆਂ ਪੂਜਣਾ ਹੀ ਹੈ ਜਾਂ ਵੱਖਰੇ ਧਰਮ ਨੂੰ ਨੀਵਾਂ ਦਖਾਉਣਾ ਤੇ ਆਪਣੇ ਧਰਮ ਨੂੰ ਸਰਵ-ਸ੍ਰੇਸ਼ਟ ਮਨੰਣਾ ਹੈ।

ਸਿੱਧੂ ਦਾ ਮੰਨਣਾ ਹੈ ਕਿ ਧਰਮ ਸਭ ਰਸਮਾਂ ਰਹਿਤ ਹੋਣੇ ਚਾਹੀਦੇ ਨੇ। ਸਭ ਨੂੰ ਦੋਸਤਾਂ ਮਿੱਤਰਾਂ ਦੀ ਨਜ਼ਰ ਨਾਲ਼ ਦੇਖਣਾ। ਉੱਚਾ ਨੀਵਾਂ ਨਾ ਰੱਖਣਾ। ਗੋਰੇ ਕਾਲੇ ਵਾਲਾ, ਅਮੀਰ-ਗਰੀਬ ਵਾਲਾ, ਮਰਦ ਇਸਤਰੀ ਵਾਲ਼ਾ ਵਖਰੇਵਾਂ ਨਹੀਂ ਹੋਣਾ ਚਾਹੀਦਾ। ਨਾਟਕ 'ਇੰਦੂਮਤੀ ਸੱਤਿਦੇਵ' ਵਿੱਚ ਇੱਕ ਗਰੀਬ ਕਿਸਾਨ 'ਹੋਰੀ' ਗਰੀਬੀ ਕਾਰਨ ਗਊ ਹੱਤਿਆ ਦੇ ਦੋਸ਼ ਤੋਂ ਮੁਕਤ ਨਹੀਂ ਹੋ ਸਕਦਾ। ਪੰਡਤਾਂ ਦਾ ਮੰਨਣਾ

ਹੈ ਕਿ ਉਹ ਰੀਤ ਪੂਰੀ ਨਹੀਂ ਕਰ ਸਕਦਾ। ਗਰੀਬੀ ਉਸ ਦੇ ਰਸਤੇ ਵਿੱਚ ਵੱਡੀ 'ਹੋਣੀ' ਹੈ ਉਹਦੀ ਗ਼ਰੀਬੀ ਕਰਕੇ ਹੀ ਉਹਦੀ ਧੀ ਮੰਦਰ ਚੜ੍ਹ ਕੇ ਨਰਕ ਭਰਿਆ ਜੀਵਨ ਹੰਢਾਉਣ ਲਈ ਬੇਵੱਸ ਹੈ। ‘ਹੋਰੀ’ ਵਰਗੀ ‘ਹੋਣੀ’ ਜਗਤਾ ਵੀ ਹੰਢਾ ਰਿਹਾ ਹੈ। ਉਹ ਰਸਮਾਂ-ਰਿਵਾਜਾਂ ਤੋਂ ਤੰਗ ਹੈ, ਇਸੇ ਤੰਗੀ ਚੋਂ ਉਹ ਲੰਬੜਦਾਰ ਨੂੰ ਮੁਖ਼ਾਤਬ ਹੁੰਦਾ ਹੈ:-

“ਜਗਤਾ:-ਨਹੀ ਲੰਬੜਦਾਰਾ, ਤੇਰੇ ਧਰਮ-ਕਰਮ' ਜੋਗਾ ਮੇਰੇ ਕੋਲ ਖਰਚਾ ਨਹੀਂ, ਮੈਂ ਨੇਂਦਾ ਨਹੀਂ ਖੁਆ ਸਕਦਾ, ਆਪਣੀ ਜਾਤ ਦੇ ਸੂਰਾਂ ਨੂੰ ਉਹ ਤਾਂ ਚਾਹੁੰਦੇ ਸੀ-ਰਕਮ ਮੇਰੀ ਖਰਚ ਹੋਵੇ, ਢਿੱਡ ਉਹ ਭਰਨ (ਲਛਮੀਦਾਸ ਵੱਲ ਇਸ਼ਾਰਾ ਕਰਕੇ) ਤੇ ਤੁਹਾਡੇ ਸ਼ਾਹੂਕਾਰ ਨੇ, ਮੂਲ ਤੇ ਵਿਆਜ ਨੇ, ਵਿਆਹ ਦਾ ਮਾਤਮ ਬਣਾ ਦੇਣਾ ਸੀ। ਨਾ ਬਾਬਾ, ਮੈਨੂੰ ਮਾਫ਼ ਕਰੋ, ਸਾਡੇ ਜੋਗੀ ਫੁੱਲਾਂ ਦੀ ਮਾਲਾ ਬਥੇਰੀ ਸੀ, ਫੁੱਲ ਮੁਫ਼ਤ ਔਂਦੇ ਐ-ਸਰਕਾਰ ਤਾਰੋ ਤੇ ਮੈਂ ਗੁੱਗੇ ਦੀ ਮਾੜੀ ਗਏ, ਬੇਰੀ ਥੱਲੇ ਤੇ ਹਾਰ ਪਾ ਦਿੱਤੇ ਇੱਕ ਦੂਜੇ ਦੇ”[5]

ਭਾਵੇਂ ਕਿ ਜਗਤੇ ਕੋਲ ਰੁਪਏ ਨਹੀਂ ਪਰ ਫਿਰ ਵੀ ਗੁੱਗੇ ਦੀ ਮੜ੍ਹੀ ਜ਼ਰੂਰ ਜਾਂਦਾ ਉਹ ਰਸਮਾਂ-ਰਿਵਾਜਾਂ ਨੂੰ ਤਾਂ ਰੱਦ ਕਰ ਦਿੰਦਾ ਪਰ ਅੰਧ-ਵਿਸ਼ਵਾਸ ਦਾ ਪੱਲਾ ਉਸ ਨੇ ਘੁੱਟ ਕੇ ਫੜਿਆ ਹੋਇਆ ਹੈ। ਇਸ ਤਰ੍ਹਾਂ ਚਰਨ ਦਾਸ ਸਿੱਧੂ ਦਾ ਅਗਲਾ ਨਾਟਕ ਹੈ 'ਅੰਬੀਆਂ ਨੂੰ ਤਰਸੇਂਗੀ'। ਇਸ ਨਾਟਕ ਵਿੱਚ ਪੀਰਾਂ-ਫਕੀਰਾਂ ਦੇ ਡਰ ਦਾ ਦ੍ਰਿਸ਼ ਇਸ ਤਰ੍ਹਾਂ ਸਿਰਜਿਆ ਹੈ।

"ਖ਼ੁਸ਼ੀਆ:- ਗੁੱਸਾ ਤਾਂ, ਸੱਚੀ ਗੱਲ ਐ, ਪੁੱਤ ਮੈਨੂੰ ਵੀ ਆਉਂਦਾ, ਤੇਰੇ ਮਾਸੜ ’ਤੇ ਪਰ ਮੈਂ ਕਰਾਂ ਕਿਆ? ਪੇਸ਼ ਨਹੀਂ ਜਾਂਦੀ ਮੇਰੀ, ਮੈਂ ਹੈ ਵੀ ’ਕੱਲਾ (ਡੂੰਘਾ ਦਰਦ ਦਬੋਂਦਾ) ਮਾਂ ਤੇਰੀ, ਜਿੱਦਣ ਦੀ ਵਿਆਹੀ ਆਈ ਐ, ਭਣੋਈਏ ਦਾ ਪੱਖ ਲੈਂਦੀ ਰਹੀ, ਮੈਂ ਕਰਾਂ ਤਾਂ ਕੀ ਕਰਾਂ?

ਕਾਬਲ:-ਤੂੰ ਲੇਲਾ ਬਣ ਕੇ ਮੈਂ ਮੈਂ ਕਰੀ ਜਾਹ, ਸੀਬੇ ਪਿੱਛੇ, ਖੱਚਰ ਬਣ ਕੇ, ਟੱਟੂ ਬਣ ਕੇ, ਚੜ੍ਹਾਈ ਰੱਖ, ਸੀਬੇ ਨੂੰ ਪਿੱਠ ’ਤੇ, ਮੈਂ ਆਪਣੀ ਜੂਨ ਨਹੀਂ ਗਾਲਣੀ-ਜੇ ਅੱਜ ਬਹੁਤ ਔਖਾ ਹੋਇਆ, ਮੈਂ ਦੋ ਜੜ੍ਹ ਦੇਣੀਆਂ, ਮਰਾਏ ਏਹੀ ਤੇਹੀ ਦੀ, ਸੀਬਾ ਤਾਂ ਵਿੱਚੋਂ ਈ ਨਗੱਜਾ।

ਖੁਸ਼ੀਆ:- ਓਏ! ਓਏ! ਸਾਈਂ ਬਾਰੇ ਏਦਾਂ ਨਾ ਕਹਿ”[6]

ਖੁਸ਼ੀਆ ਨੂੰ ਪਤਾ ਹੈ ਆਪਣੀ ਪਤਨੀ ਦੇ ਸਬੰਧਾਂ ਬਾਰੇ ਉਸਦੀ ਪਤਨੀ ਧੰਤੋ ਦੇ, ਉਸਦੇ ਸਾਂਢੂ 'ਸੀਬੇ' ਨਾਲ਼ ਨਾਜਾਇਜ਼ ਸਬੰਧ ਹਨ। ਉਹ ਚਾਹ ਕੇ ਵੀ ਕੁੱਝ ਨਹੀ ਕਰ ਰਿਹਾ ਕਿਉਂਕਿ ਉਹ ਸਾਂਢੂ ਸੀਬੇ ਦੇ "ਸਾਈਂ" ਰੂਪ ਤੋਂ ਡਰਦਾ ਹੈ। ਸਾਈਂ ਸੀਬਾ ਕਿਤੇ ਉਸਦੀ ਜ਼ਿੰਦਗੀ ’ਚ ਗ਼ੈਬੀ ਸ਼ਕਤੀਆਂ ਨਾਲ਼ ਦੁੱਖ ਨਾ ਭਰ ਦੇਵੇ।

ਉਹ ਅੰਧ-ਵਿਸ਼ਵਾਸੀ ਹੈ ਉਹ ਸੀਬੇ ਦੀਆਂ ਕਰਾਮਾਤਾਂ ਤੋਂ ਡਰਦਾ ਜਿੱਲਤ ਭਰੀ ਜ਼ਿੰਦਗੀ ਤਾਂ ਜਿਉਂਦਾ ਹੈ ਪਰ ਸੱਚ ਰਾਹੀਂ ਝੂਠ ਦਾ ਮੁਕਾਬਲਾ ਕਰਨ ਤੋਂ ਡਰਦਾ ਹੈ। ਉਸ ਦੇ ਡਰ ਪਿੱਛੇ 'ਸੀਬੇ' ਨੂੰ ਸਾਂਈ ਮੰਨਣਾ ਹੈ। ਚਰਨਦਾਸ ਸਿੱਧੂ ਦਾ ਅਗਲਾ ਨਾਟਕ ਹੈ 'ਸੁਆਮੀ ਜੀ' ਇਸ ਨਾਟਕ ਵਿੱਚ ਵੀ ਸੰਤਾਂ-

ਸਾਧਾਂ ਦਾ ਪਰਦਾਫਾਸ਼ ਕੀਤਾ ਹੈ:-

"ਪੂਰਨ:- ਮੈਂ ਸ਼ਹਿਰ ਜਾਵਾਂਗਾ, ਕਾਂਗੜੇ ਭਿੱਛਿਆ ਮੰਗਣ, ਬਮ-ਬਮ ਭੋਲੇ! ਬਮ ਬਮ ਭੋਲੇ! ਲੋਕਾਂ ਸੋਹੇਂ ਤੇਰੇ ਗੁਣ ਗਾਵਾਂਗਾ, ਭੀੜ ਕੱਠੀ ਕਰ ਦਊਂ, ਦੇਖੀਂ ਤੂੰ ਮੇਰੀ ਜ਼ੁਬਾਨ ਦਾ ਕਮਾਲ, ਬੱਸ ਤੂੰ ਰਤਾ ਚਲਾਕੀ ਵਰਤੀ, ਕਿਸੀ ਤਰ੍ਹਾਂ ਇੱਕ ਅੱਧਾ ਚਮਤਕਾਰ ਦਖਾ ਦਈ, ਕਰਾਮਾਤ ਦੋ-ਚਾਰ ਬੰਦਿਆਂ ਤੇ ਰੋਅਬ ਜਮਾ ਦੇਂਈ।

ਨੂਰਾਂ:- ਪਰ ਪਖੰਡ ਦਾ ਭੇਤ ਖੁੱਲ੍ਹ ਗਿਆ ਤਾਂ? ਕੁੱਟ-ਕੁੱਟ ਕੇ ਲੋਕਾਂ ਨੇ ਚਮੜੀ ਉਧੇੜ ਦੇਣੀ।

ਪੂਰਨ:- ਤੂੰ ਨਹੀਂ ਜਾਣਦੀ, ਇਨ੍ਹਾਂ ਹਿੰਦੋਸਤਾਨੀਆਂ ਨੂੰ, ਸਾਧ ਬਣ ਕੇ ਤਾਂ ਭਾਵੇਂ ਇਨ੍ਹਾਂ ਦੀ ਧੀ-ਭੈਣ ਲੁੱਟ ਲਵੋ-ਕੁਟੀਆ ਸ਼ਹਿਰ ਕੋਲ ਬਣੌਣੀ ਚਾਹੀਦੀ ਐ, ਏਥੋਂ ਪੰਦਰਾਂ ਕੋਹਾਂ ਤੇ ਔਧਰ।"[7]

ਚਰਨਦਾਸ ਸਿੱਧੂ ਦਾ ਮੰਨਣਾ ਹੈ ਕਿ ਸਾਡੇ ਸਮਾਜ ਵਿੱਚ ਆਮ ਆਦਮੀ ਜਾਂ ਕਿਸੇ ਬੁੱਧੀਜੀਵੀ ਦੀ ਕਦਰ ਨਹੀਂ ਜਿੰਨੀ ਇਹਨਾਂ ਅਖੌਤੀ ਸਾਧਾਂ-ਸੰਤਾਂ ਦੀ ਹੈ। ਜੋ ਅੱਜ ਕੱਲ੍ਹ ਡੇਰਿਆਂ ਵਿੱਚ ਚੱਲ ਰਿਹਾ ਉਹ ਸਭ ਦੇ ਸਾਹਮਣੇ ਹੈ। ਇਹਨਾਂ ਸਾਧ ਪਖੰਡੀਆਂ ਦੀਆਂ ਕਰਤੂਤਾਂ ਦਾ ਪਰਦਾਫਾਸ਼ ਵੀ ਹੋ ਚੁੱਕਾ ਹੈ ਪਰ ਹਾਲੇ ਵੀ ਆਪਣੀਆਂ ਮਾਵਾਂ, ਭੈਣਾਂ, ਧੀਆਂ ਨੂੰ ਡੇਰਿਆਂ ਨੂੰ ਸੌਂਪ ਰਹੇ ਹਨ। ਅੰਧ ਵਿਸ਼ਵਾਸ ਦੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਇਹਨਾਂ ਪਖੰਡੀਆਂ ਨੂੰ ਸੁਪਰ ਪਾਵਰ ਮੰਨ ਲੈਂਦੇ ਹਨ ਸਾਡੇ ਸਮਾਜ ਦੇ ਲੋਕ। ਟੂਣੇ-ਟਾਮਣ ਵਰਗੇ ਪਖੰਡ ਨਾਟਕ 'ਭਾਈਆ ਹਾਕਮ ਸਿਹੁੰ' ਵਿੱਚ ਵੀ ਦੇਖਣ ਨੂੰ ਮਿਲਦਾ ਹੈ:-

"ਰਾਮੋ:- ਖਸਮ ਉਖਲ ਹੋਵੇ ਤਾਂ ਕੀ ਕਰੇ ਤੀਵੀਂ? ਭਾਵੇਂ ਕੋਈ ਜ਼ਨਾਨੀ ਕਤੂਰੇ ਵਾਂਗ ਕੂਰਕੂਰ ਕੂਰਕੂਰ ਮਗਰ-ਮਗਰ ਲਾਈ ਫਿਰੇ. . . ਧਿਆਨ ਨਾਲ, ਬੁਝੇ ਨਾ ਦੀਵਾ, ਚੁਰਸਤੇ ਦੇ ਗੱਭੇ ਰੱਖੀਂ (ਸੀਤਲ ਹੌਲੀ ਹੌਲੀ ਤੁਰਦਾ ਹੈ)

ਰਾਮੋ:- ਹੈ ਬਾਬਾ ਮਸਾਣਾ ਵਾਲਾ, ਕਿਸ਼ਨੀ ਤੇ ਬੰਤੀ ਦਾ ਰਹੇ ਕੱਖ ਨਾ, ਸੂਰਜ ਡੁੱਬਦੇ ਤੱਕ ਸਿਵੇ ਜਲ ਪੈਣ, ਇੱਕ ਬਾਰੀ ਤਾਂ ਹਾਕਮ ਸਿੰਹੁ ਨੂੰ ਮੇਰੇ ਮੋਹਰੇ ਨੱਕ ਨਾਲ਼ ਲਕੀਰਾਂ ਕਢਵਾਦੇ"[8]

ਇਸ ਤਰ੍ਹਾਂ ਹੀ ਨਾਟਕ 'ਬਾਤ ਫੱਤੂ ਝੀਰ ਦੀ' ਤੇ 'ਭਜਨੋ' ਵਿੱਚ ਵੀ ਅੰਧ-ਵਿਸ਼ਵਾਸਾਂ ਦਾ ਪਰਦਾਫਾਸ਼ ਕੀਤਾ ਗਿਆ ਹੈ ਅਤੇ 'ਬਾਬਾ ਬੰਤੂ' ਨਾਟਕ ਵਿੱਚ 'ਗੁੱਗੇ' ਨਾਲ਼ ਜੁੜੇ ਅੰਧ ਵਿਸ਼ਵਾਸ਼ਾਂ ਦੀ ਗੱਲ ਕੀਤੀ ਹੈ। ਨਾਟਕ 'ਮਸਤ ਮੇਘੋਵਾਲੀਆ ਨਾਟਕ ਵਿੱਚ ਬ੍ਰਾਹਮਣਾਂ ਨਾਲ਼ ਜੁੜੇ ਪਖੰਡਾਂ ਦੀ ਗੱਲ ਕੀਤੀ ਹੈ ਕਿ ਕਿਵੇਂ ਪਿੱਤਰਾਂ ਦੇ ਬਹਾਨੇ ਬ੍ਰਾਹਮਣ ਖੀਰਾ ਖਾਹ ਜਾਂਦੇ ਹਨ। ਇਸੇ ਤਰ੍ਹਾਂ 'ਸ੍ਰੀ ਪਦ ਰੇਖਾ ਗ੍ਰੰਥ' ਵਿੱਚ ਬਨਾਰਸੀ ਦਾਸ ਤੇ ਚੁੰਨੀ ਲਾਲ ਲੋਕਾਂ ਨੂੰ ਮੂਰਖ ਬਣਾ ਕੇ ਓਹਨਾਂ ਦੇ ਪੈਰਾਂ ਦੀਆਂ ਰੇਖਾਵਾਂ ਦੱਸ ਕੇ ਉਨ੍ਹਾਂ ਨੂੰ ਲੁੱਟਦੇ ਹਨ।

ਨਾਟਕ 'ਸ਼ੇਕਸਪੀਅਰ ਦੀ ਧੀ' ਵਿੱਚ ਇੱਕ ਪੜ੍ਹੇ ਲਿਖੇ ਪਰਿਵਾਰ ਦੀ ਕਹਾਣੀ ਹੈ ਪਰ ਉਹ ਪੜ੍ਹੇ ਲਿਖੇ ਲੋਕ ਵੀ ਅੰਧ ਵਿਸ਼ਵਾਸ਼ਾਂ ਤੋਂ ਬਚ ਨਹੀਂ ਸਕੇ:-

"ਚਾਂਦਰਾਣੀ:-ਥੱਲੇ ਵਾਲਿਆਂ ਦੇ ਭਾਂਡੇ ਮਾਂਜਣ ਔਂਦੀ ਮਾਈ. . . ਕਹਿੰਦੀ. . . ਪੀਰ ਐ. . . ਤਵੀਤ

ਦਿੰਦਾ. . . ਕਲਮਾ ਪੜ੍ਹ ਕੇ ਪੱਥਰ ਪਾੜ ਦਿੰਦਾ, ਆਖਦੀ ਰੁਪਏ ਤਾਂ ਲੈਂਦਾ ਟਣਕਾ ਕੇ, ਪਰ ਮੁੰਡੇ ਦਾ ਖਹਿੜਾ ਛੁਡਾ ਦਊ, ਮੈਂ ਅੱਜ ਈ ਜਾਂਦੀ, ਮੁੱਲਾਂ ਕੋਲ ਫੈਜ਼ ਰੋਡ ਵਾਲ਼ੇ ਕਬਰਸਤਾਨ ਤੇ।"[9]

ਨਾਟਕ ਦੀ ਪੜ੍ਹੀ ਲਿਖੀ ਪਾਤਰ ਕਮਲ ਵੀ ਇਹਨਾਂ ਟੂਣੇ ਟਾਮਣਾਂ ਨੂੰ ਮੰਨਦੀ ਹੈ ਹਾਲਾਂਕਿ ਉਸਦੇ ਪੜ੍ਹੇ-ਲਿਖੇ ਹੋਣ ਦੀ ਗੱਲ ਕਰਕੇ ਅਲਕਾ ਉਸਨੂੰ ਸਮਝਾਉਂਦੀ ਹੈ :

"ਅਲਕਾ:- ਵਹਿਮਾਂ 'ਚ ਨਾ ਪੈ ਦੀਦੀ, ਜਾਦੂ-ਟੂਣੇ ਕੱਖ ਨਹੀਂ ਬਿਗਾੜਦੇ,

ਕਮਲਾ:-ਨਹੀਂ, ਅਲਕਾ ਸਿੱਧਾ ਤੇ ਮੈਨੂੰ ਮਾਰਨ ਦੀ ਹਿੰਮਤ ਨਹੀਂ, ਟੂਣੇ ਟੋਟਕੇ ਵਰਤ ਕੇ ਘਰੋ ਕੱਢਣਾ ਚੌਹੁੰਦੀਆਂ।"[10]

ਚਰਨਦਾਸ ਸਿੱਧੂ ਦੇ ਸਮੁੱਚੇ ਨਾਟਕਾਂ ਦੇ ਅਧਿਐਨ ਤੋਂ ਪਤਾ ਲੱਗਦਾ ਉਸ ਨੇ ਆਪਣੇ ਬਹੁਤ ਸਾਰੇ ਨਾਟਕਾਂ ਵਿੱਚ ਅੰਧ ਵਿਸ਼ਵਾਸ, ਰਹੁ ਰੀਤਾਂ, ਟੂਣੇ-ਟਾਮਣਾਂ, ਜੋਤਸ਼ੀਆਂ ਪੰਡਤਾਂ ਬਾਹਮਣਾ ਦੀ ਸਮਾਜ ਵਿੱਚ ਫੈਲਾਈ ਕੁਰੀਤੀ ਦੀ ਗੱਲ ਕੀਤੀ ਹੈ। ਉਹ ਆਪਣੇ ਨਾਟਕ ਵਿੱਚ ਮੁੱਖ ਵਿਸ਼ੇ ਦੇ ਨਾਲ-ਨਾਲ ਉਪ ਵਿਸ਼ੇ ਦੇ ਤੌਰ 'ਤੇ ਇਹਨਾਂ ਅੰਧ-ਵਿਸ਼ਵਾਸਾਂ ਦੀ ਗੱਲ ਜ਼ਰੂਰ ਕਰਦਾ ਹੈ। ਨਾਟਕਕਾਰੀ ਦੇ ਪੱਖ ਤੋਂ ਡਾ. ਚਰਨਦਾਸ ਸਿੱਧੂ ਨੇ ਪੂਰੇ ਨਾਟਕਾਂ ਦੀ ਸਿਰਜਣਾ ਕੀਤੀ ਹੈ। ਉਸ ਨੇ ਸਮਾਜ ਦੇ ਲਗਭਗ ਸਾਰੇ ਵਿਸ਼ਿਆਂ ਨੂੰ ਆਪਣੇ ਨਾਟਕ ਦਾ ਹਿੱਸਾ ਬਣਾਇਆ ਹੈ। ਕੋਈ ਅਜਿਹਾ ਪੱਖ ਨਹੀਂ ਹੋਣਾ ਜੋ ਸਿੱਧੂ ਦੇ ਨਾਟਕ ਵਿੱਚ ਨਾ ਆਇਆ ਹੋਵੇ।

## ਹਵਾਲੇ ਅਤੇ ਟਿੱਪਣੀਆਂ


1) ਡਾ. ਅੱਛਰ ਸਿੰਘ ਕਾਹਲੋਂ, ਦੁਆਬੇ ਦੇ ਸਭਿਆਚਾਰ ਦਾ ਪ੍ਰਤੀਨਿਧ ਨਾਟਕਕਾਰ : ਡਾ. ਚਰਨਦਾਸ ਸਿੱਧੂ, ਲਾਹੌਰ ਬੁਕ ਸ਼ਾਪ, ਲੁਧਿਆਣਾ, 1987, ਪੰਨਾ-57
2) ਗੁਰਮੀਤ ਸਿੰਘ : ਤਰਕਸ਼ੀਲ ਲਹਿਰ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ-166
3) ਉਹੀ
4) ਚਰਨਦਾਸ ਸਿੱਧੂ : ਇੰਦੂਮਤੀ ਸਤਿਦੇਵ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਨਵੀਂ ਦਿੱਲੀ, 1984, ਪੰਨਾ-14
5) ਉਹੀ : ਪੰਨਾ-51-52
6) ਉਹੀ : ਅੰਬੀਆਂ ਨੂੰ ਤਰਸੇਂਗੀ, ਨੈਸ਼ਨਲ ਬੁਕ ਸ਼ਾਪ, ਦਿੱਲੀ, 1984, ਪੰਨਾ-24-25
7) ਉਹੀ : ਸੁਆਮੀ ਜੀ, ਸ਼ਿਲਾਲੇਖ ਪ੍ਰਕਾਸ਼ਨ ਦਿੱਲੀ, 1984, ਪੰਨਾ-147
8) ਉਹੀ : ਭਾਈਆ ਹਾਕਮ ਸਿਹੁੰ, ਸ਼ਿਲਾਲੇਖ ਪ੍ਰਕਾਸ਼ਨ ਦਿੱਲੀ, 1987, ਪੰਨਾ-71
9) ਉਹੀ : ਸ਼ੇਕਸਪੀਅਰ ਦੀ ਧੀ, ਸ਼ਿਲਾਲੇਖ ਪ੍ਰਕਾਸ਼ਨ ਦਿੱਲੀ, 1989, ਪੰਨਾ-27
10) ਉਹੀ : ਪੰਨਾ-39